ਟੈਂਡਰ ਫਾਰਮ ਨੰ. 2017-18/**MT-**______

# ਸਰਕਾਰੀ ਸਪੋਰਟਸ ਸੀਨੀਅਰ ਸੈਕੰਡਰੀ ਸਕੂਲ

ਪਿੰਡ ਤੇ ਡਾਕ. ਘੁੱਦਾ ਜਿਲ੍ਹਾ ਬਠਿੰਡਾ

# ਟੈਂਡਰ ਨੋਟਿਸ

ਬਾਬਤ

# ਸਕੂਲ ਦੇ ਵਿਦਿਆਰਥੀਆਂ/ਖਿਡਾਰੀਆਂ ਨੂੰ

## ਸਾਲ 2017-18 ਦੌਰਾਨ ਖਾਣਾ ਸਪਲਾਈ

## ਕਰਨ ਬਾਰੇ

**E-mail : govt.sportsch.ghudda@gmail.com**

**Website : www.sportschoolghudda.com**

ਫੋਨ ਨੰਬਰ 0164-2425011, 2425022

# ਸਰਕਾਰੀ ਸਪੋਰਟਸ ਸੀਨੀਅਰ ਸੈਕੰਡਰੀ ਸਕੂਲ, ਘੁੱਦਾ ਜਿਲ੍ਹਾ ਬਠਿੰਡਾ

E-mail : govt.sportsch.ghudda@gmail.com Website: www.sportschoolghudda.com

**ਫੋਨ ਨੰਬਰ 0164-2425011, 2425022**

## ਥੋੜ੍ਹੇ ਸਮੇਂ ਦਾ ਟੈਂਡਰ ਨੋਟਿਸ

ਸਰਕਾਰੀ ਸਪੋਰਟਸ ਸਕੂਲ, ਘੁੱਦਾ ਜਿਲ੍ਹਾ ਬਠਿੰਡਾ ਦੇ ਵਿਦਿਆਰਥੀਆਂ/ਖਿਡਾਰੀਆਂ ਨੂੰ ਸਾਲ 2017-18 (ਮਿਤੀ 01-01-2018 ਤੋਂ 31-12-2018 ਤੱਕ, ਕਮੇਟੀ ਵੱਲੋਂ ਠੇਕੇ ਦਾ ਇਹ ਸਮਾਂ ਨਿਯਤ ਕਰਨ ਦੇ ਹੱਕ ਰਾਖਵੇਂ ਹੋਣਗੇ।) ਦੌਰਾਨ ਟੈਂਡਰ ਫਾਰਮ ਨਾਲ ਨੱਥੀ ਮੀਨੂੰ ਅਨੁਲੱਗ "ੲ" ਅਨੁਸਾਰ ਖਾਣਾ ਸਪਲਾਈ ਕਰਨ ਲਈ ਨਾਮੀ ਫਰਮਾਂ/ਕੰਪਨੀਜ਼ ਜਿੰਨ੍ਹਾਂ ਦੀ ਪਿਛਲੇ ਦੋ ਸਾਲਾਂ ਦੌਰਾਨ ਟਰਨ-ਓਵਰ 25.00 ਲੱਖ ਸਲਾਨਾ ਜਾਂ ਇਸ ਤੋਂ ਵੱਧ ਹੋਵੇ ਅਤੇ ਸਕੂਲ/ਕਾਲਜ/ਦਫਤਰਾਂ/ਹੋਸਟਲਜ਼ ਆਦਿ ਵਿੱਚ ਮੈੱਸ ਚਲਾਉਣ ਦਾ ਤਜਰਬਾ ਰੱਖਦੇ ਹੋਣ, ਪਾਸੋਂ ਮਿਤੀ **14-12-2017** ਤੱਕ ਮੋਹਰਬੰਦ ਟੈਂਡਰ ਮੰਗੇ ਜਾਂਦੇ ਹਨ ।

ਟੈਂਡਰ ਫਾਰਮ ਸਮੇਤ ਸ਼ਰਤਾਂ ਅਤੇ ਵਿਵਰਣ ਕਿਸੇ ਵੀ ਕੰਮ ਵਾਲੇ ਦਿਨ ਪ੍ਰਿੰਸੀਪਲ, ਸਰਕਾਰੀ ਸਪੋਰਟਸ ਸਕੂਲ, ਘੁੱਦਾ ਜਿਲ੍ਹਾ ਬਠਿੰਡਾ ਦੇ ਦਫਤਰ ਵਿਚੋਂ ਮਿਤੀ 14-12-2017 ਦੁਪਹਿਰ 01:00 ਵਜੇ ਤੱਕ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਕਿਸੇ ਵੀ ਸਮੇਂ ਸਰਕਾਰੀ ਸਪੋਰਟਸ ਸਕੂਲ ਘੁੱਦਾ ਦੀ ਵੈੱਬ ਸਾਈਟ www.sportschoolghudda.com ਅਤੇ www.bathinda.nic.in ਤੋਂ download ਕੀਤੇ ਜਾ ਸਕਦੇ ਹਨ। ਟੈਂਡਰ ਭਰਨ ਲਈ ਬਿਆਨਾ ਰਕਮ 25,000/- (ਪੱਚੀ ਹਜਾਰ ਰੁਪੈ) ਦਾ ਡਿਮਾਂਡ ਡਰਾਫਟ ਜੋ "ਸਪੋਰਟਸ ਸਕੂਲ ਡਿਵੈਲਪਮੈਂਟ ਸੁਸਾਇਟੀ, ਘੁੱਦਾ ਜਿਲ੍ਹਾ ਬਠਿੰਡਾ ਪੇ-ਏਬਲ ਐਟ ਬਠਿੰਡਾ ਹੋਵੇ", ਟੈਂਡਰ ਫਾਰਮ ਦੇ ਨਾਲ ਨੱਥੀ ਕੀਤਾ ਜਾਵੇ। ਬਿਨਾਂ ਬਿਆਨਾ ਰਕਮ ਦੇ ਟੈਂਡਰ ਫਾਰਮ ਰੱਦ ਸਮਝਿਆ ਜਾਵੇਗਾ। ਟੈਂਡਰ ਮਿਤੀ **14-12-2017** ਨੂੰ ਦੁਪਹਿਰ 2.00 ਵਜੇ ਤੱਕ ਦਫਤਰ ਪ੍ਰਿੰਸੀਪਲ, ਸਪੋਰਟਸ ਸਕੂਲ, ਘੁੱਦਾ ਜਿਲ੍ਹਾ ਬਠਿੰਡਾ ਵਿਖੇ ਟੈਂਡਰ ਬਕਸੇ ਵਿੱਚ ਪਾਏ ਜਾ ਸਕਦੇ ਹਨ।ਟੈਂਡਰ ਫਰਮਾਂ ਦੇ ਨੁਮਾਇੰਦਿਆਂ ਦੀ ਹਾਜਰੀ ਵਿਚ ਅਗਜੈਕਟਿਵ ਕਮੇਟੀ ਦੁਆਰਾ ਮਿਤੀ 14.12.2017 ਨੂੰ ਡਿਪਟੀ ਕਮਿਸ਼ਨਰ, ਬਠਿੰਡਾ ਜੀ ਦੇ ਦਫਤਰ ਵਿੱਚ ਸ਼ਾਮ 4.00 ਵਜੇ ਖੋਲ੍ਹੇ ਜਾਣਗੇ।

ਅਗਜੈਕਟਿਵ ਕਮੇਟੀ ਕੋਲ ਬਿਨਾਂ ਕੋਈ ਕਾਰਨ ਦੱਸੇ ਕਿਸੇ ਇੱਕ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ, ਮਾਤਰਾ ਨੂੰ ਸੋਧਣ, ਕਮਰਸ਼ੀਅਲ ਬੋਲੀ ਖੋਲ੍ਹਣ ਤੋਂ ਪਹਿਲਾਂ ਪੰਜਾਬ ਸਰਕਾਰ ਦੀ ਲੋੜ ਅਨੁਸਾਰ ਸਪੈਸੀਫਿਕੇਸ਼ਨਾਂ ਨੂੰ ਦਰੁਸਤ ਕਰਨ ਦਾ ਹੱਕ ਰਾਖਵਾਂ ਹੋਵੇਗਾ।

ਉਪ ਮੰਡਲ ਮੈਜਿਸਟਰੇਟ-ਕਮ-ਡਾਇਰੈਕਟਰ
ਸਪੋਰਟਸ ਸਕੂਲ, ਘੁੱਦਾ (ਬਠਿੰਡਾ)